ਅਜੀਤ

ਸਨਿਚਰਵਾਰ, 22 ਜੁਲਾਈ, 2017



■ ਬੇਲਾ ਕਾਲਜ ਵਿਖੇ ਪਾਸ ਹੋਏ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਤਕਸੀਮ ਕਰਦੇ ਹੋਏ ਸਕੱਤਰ ਦਵਿੰਦਰ ਸਿੰਘ, ਜਟਾਣਾ, ਮੈਨੇਜਰ ਸੁਖਵਿੰਦਰ ਸਿੰਘ ਵਿਸਕੀ, ਪ੍ਰਿੰ: ਸੁਰਮੁੱਖ ਸਿੰਘ ਅਤੇ ਸਟਾਫ਼ ਮੈਂਬਰ। ਤਸਵੀਰ : ਮਨਜੀਤ ਸਿੰਘ ਸੈਣੀ

# ਬੇਲਾ ਕਾਲਜ ਦੇ ਵਿਦਿਆਰਥੀਆਂ ਨੂੰ ਨੈਸ਼ਨਲ ਹੁਨਰ ਵਿਕਾਸ ਕੌਂਸਲ ਤੋਂ ਮਾਨਤਾ ਪ੍ਰਦਾਨ

ਬੇਲਾ, 21 ਜੁਲਾਈ (ਮਨਜੀਤ ਸਿੰਘ ਸੈਣੀ)- ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਵਿਚ ਨੈਸ਼ਨਲ ਸਕਿੱਲ ਡਿਵਲਪਮੈਂਟ ਕੌਂਸਲ ਵੱਲੋਂ ਬੀ.ਵਾਕ. ਫੂਡ ਪ੍ਰੋਸੈਸਿੰਗ ਤੇ ਬੀ.ਵਾਕ. ਰਿਟੇਲ ਮੈਨੇਜਮੈਂਟ ਐਂਡ ਆਈ.ਟੀ. ਦੇ ਸਕਿੱਲ ਡਿਵੈਲਪਮੈਂਟ ਵਿਚ ਡਾਇਰੀ ਇਕੁਵਿਪਮੈਂਟ ਆਪ੍ਰੇਟਰ ਅਤੇ ਸੇਲਜ਼ ਐਸੋਸੀਏਟਸ ਦੇ ਲੈਵਲ-4 ਦੇ ਸਰਟੀਫਿਕੇਟ ਵੰਡੇ ਗਏ। ਇਸੇ ਤਰ੍ਹਾਂ ਲੈਵਲ-5 ਦੇ ਫੂਡ ਪ੍ਰੋਡਕਟ ਪੈਕੇਜਿੰਗ ਟੈਕਨੀਸ਼ੀਅਨ ਦੇ ਫੂਡ ਪ੍ਰੋਸੈਸਿੰਗ ਸਕਿੱਲ ਕੌਂਸਲ ਵੱਲੋਂ ਮੰਨਜ਼ੂਰਸ਼ੁਦਾ ਸਰਟੀਫਿਕੇਟ ਦਿੱਤੇ ਗਏ। ਵਰਣਨਯੋਗ ਹੈ ਕਿ ਬੇਲਾ ਕਾਲਜ ਵਿਚ ਯੂ.ਜੀ.ਸੀ. ਦੀ ਵਿੱਦਿਅਕ ਸਕੀਮ ਤਹਿਤ 2014 ਤੋਂ ਬੀ.ਵਾਕ. ਦੀ ਡਿਪਲੋਮਾ/ ਡਿਗਰੀ ਦੇ ਕੋਰਸ ਸ਼ੁਰੂ ਕੀਤੇ ਗਏ ਸਨ। ਉਸ ਸਮੇਂ ਇਹ ਕਾਲਜ ਭਾਰਤ ਦੇ ਪਹਿਲੇ 90 ਕਾਲਜਾਂ ਵਿਚੋਂ ਡਿਗਰੀ/ ਡਿਪਲੋਮਾ ਕੋਰਸਾਂ ਲਈ ਚੁਣਿਆ ਗਿਆ ਸੀ। ਇਸ ਮੌਕੇ ਕਾਲਜ ਪ੍ਰਬੰਧਕ ਕਮੇਟੀ ਦੇ ਸਕੱਤਰ ਦੇਵਿੰਦਰ ਸਿੰਘ ਜਟਾਣਾ, ਮੈਨੇਜਰ ਸੁਖਵਿੰਦਰ ਸਿੰਘ ਵਿਸਕੀ, ਪ੍ਰਿੰਸੀਪਲ ਸੁਰਮੁੱਖ ਸਿੰਘ ਨੇ ਵਿਦਿਆਰਥੀਆਂ ਨੂੰ ਇਹ ਸਰਟੀਫਿਕੇਟ ਤਕਸੀਮ ਕੀਤੇ। ਕਾਲਜ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਤਰ੍ਹਾਂ ਕਾਲਜ ਲਈ ਇਹ ਵੱਡੇ ਮਾਣ ਦੀ ਗੱਲ ਹੈ ਕਿ ਅੱਜ 100 ਦੇ ਕਰੀਬ ਬੀ.ਵਾਕ. ਵਿਦਿਆਰਥੀ ਨੈਸ਼ਨਲ ਸਕਿੱਲ ਡਿਵੈਲਪਮੈਂਟ ਕੌਂਸਲ ਦੇ ਪ੍ਰੋਗਰਾਮ ਤਹਿਤ ਮਾਰਕੀਟ ਵਿਚ ਕੰਮ ਕਰਨ ਯੋਗ ਐਲਾਨੇ ਗਏ ਹਨ। ਕਾਲਜ ਦੇ ਪ੍ਰਿੰਸੀਪਲ ਸੁਰਮੁੱਖ ਸਿੰਘ ਅਤੇ ਬੀ.ਵਾਕ. ਨੋਡਲ ਅਫ਼ਸਰ ਪ੍ਰੋ. ਮਮਤਾ ਅਰੋੜਾ ਨੇ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ ਲਈ ਮੁਬਾਰਕਬਾਦ ਦਿੱਤੀ। ਹੋਰਨਾਂ ਤੋਂ ਇਲਾਵਾ ਬੀ.ਵਾਕ. ਰਿਟੇਲ ਮੈਨੇਜਮੈਂਟ ਐਂਡ ਆਈ.ਟੀ. ਦੇ ਪ੍ਰੋ. ਗੁਰਲਾਲ ਸਿੰਘ, ਫੂਡ ਪ੍ਰੋਸੈਸਿੰਗ ਪ੍ਰੋ. ਬਲਪ੍ਰੀਤ ਕੌਰ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਬਾਬੂ ਮਿੱਤਰਾ ਮੁਖੀ ਗਣਿਤ ਵਿਭਾਗ, ਪ੍ਰੋ. ਪ੍ਰਭਜੋਤ ਕੌਰ ਸ਼ਾਮਿਲ ਸਨ। ਇਸ ਮੌਕੇ ਕਾਲਜ ਵਿਚ ਐਮ.ਐਸ.ਸੀ.(ਗਣਿਤ) ਦੀ ਟੌਪਰ ਵਿਦਿਆਰਥਣ ਰਬਵਿੰਦਰ ਕੌਰ, 8.1 ਸੀ.ਜੀ.ਪੀ.ਏ. ਹਾਸਲ ਕਰਨ ਤੇ ਸਨਮਾਨਿਤ ਕੀਤਾ ਗਿਆ ਅਤੇ ਐਮ.ਐਸ.ਸੀ. (ਗਣਿਤ) ਦੇ ਬਾਕੀ ਸਾਰੇ ਵਿਦਿਆਰਥੀ ਫਸਟ ਡਵੀਜ਼ਨ ਵਿਚ ਪਾਸ ਹੋਏ। ਇਸ ਮੌਕੇ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।